BRITISH COLUMBIA

# ਨਿਊਜ਼ ਰਿਲੀਜ਼

ਤੁਰੰਤ ਜਾਰੀ ਕਰਨ ਲਈ
28 ਫ਼ਰਵਰੀ, 2023

ਵਿੱਤ ਮੰਤਰਾਲਾ

**ਬੱਜਟ 2023 ਉਹਨਾਂ ਮੁੱਦਿਆਂ 'ਤੇ ਕਾਰਵਾਈ ਕਰਦਾ ਹੈ ਜੋ ਸਭ ਤੋਂ ਵੱਧ ਮਾਅਨੇ ਰੱਖਦੇ ਹਨ**

ਵਿਕਟੋਰੀਆ – ਬੱਜਟ 2023 ਸਿਹਤ ਅਤੇ ਮਾਨਸਿਕ ਸਿਹਤ ਸੰਭਾਲ ਵਿੱਚ ਸੁਧਾਰ ਕਰਨ, ਵਧੇਰੇ ਕਿਫ਼ਾਇਤੀ ਰਿਹਾਇਸ਼ਾਂ ਦਾ ਵਿਕਾਸ ਕਰਨ, ਵਾਤਾਵਰਣ ਲਈ ਸਾਫ਼ ਸੁਥਰੀ ਆਰਥਿਕਤਾ ਵਿੱਚ ਵਾਧਾ ਕਰਨ, ਅਤੇ ਰਹਿਣ ਸਹਿਣ ਦੇ ਖਰਚਿਆਂ ਵਿੱਚ ਮਦਦ ਕਰਨ ਲਈ ਨਿਵੇਸ਼ ਕਰਦਾ ਹੈ – ਖਾਸ ਕਰਕੇ ਉਹਨਾਂ ਪਰਿਵਾਰਾਂ ਅਤੇ ਬ੍ਰਿਟਿਸ਼ ਕੋਲੰਬੀਆ ਦੇ ਉਹਨਾਂ ਲੋਕਾਂ ਲਈ ਜੋ ਵਿਸ਼ਵ ਭਰ ਦੀ ਮਹਿੰਗਾਈ ਕਾਰਨ ਸਭ ਤੋਂ ਵੱਧ ਪ੍ਰਭਾਵਤ ਹੋ ਰਹੇ ਹਨ।

"ਬੀ.ਸੀ. ਰਹਿਣ ਲਈ ਇੱਕ ਬਹੁਤ ਵਧੀਆ ਥਾਂ ਹੈ, ਪਰ ਲੋਕ ਅਸਲ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ – ਨਾ ਸਿਰਫ਼ ਵਿਸ਼ਵ ਭਰ ਦੀ ਮਹਿੰਗਾਈ ਅਤੇ ਮਹਾਂਮਾਰੀ ਕਾਰਨ, ਪਰ ਮੌਜੂਦਾ ਪ੍ਰਣਾਲੀਗਤ ਚੁਣੌਤੀਆਂ ਕਾਰਨ ਵੀ," ਵਿੱਤ ਮੰਤਰੀ ਕਟਰੀਨ ਕੌਨਰੌਏ ਨੇ ਕਿਹਾ। "ਇਸ ਸਾਲ ਦਾ ਬੱਜਟ ਉਹਨਾਂ ਲੋਕਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਦਾ ਹੈ ਜੋ ਅੱਜਕੱਲ੍ਹ ਦੀਆਂ ਉੱਚੀਆਂ ਕੀਮਤਾਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਅਤੇ ਉਹਨਾਂ ਮੁੱਦਿਆਂ 'ਤੇ ਕਾਰਵਾਈ ਕਰਦਾ ਹੈ, ਜਿੰਨ੍ਹਾਂ ਦੀ ਲੋਕ ਪਰਵਾਹ ਕਰਦੇ ਹਨ, ਜਿਵੇਂ ਕਿ ਕਿਫ਼ਾਇਤੀ ਰਿਹਾਇਸ਼ਾਂ ਲੱਭਣਾ ਅਤੇ ਹੈਲਥ-ਕੇਅਰ (ਸਿਹਤ ਸੰਭਾਲ) ਤੱਕ ਪਹੁੰਚ ਕਰਨਾ।"

ਤਿੰਨ ਸਾਲਾਂ ਦੌਰਾਨ ਲਗਭਗ $6.4 ਬਿਲੀਅਨ ਦੇ ਨਵੇਂ ਨਿਵੇਸ਼ ਪਬਲਿਕ ਹੈਲਥ ਕੇਅਰ ਨੂੰ ਮਜ਼ਬੂਤ ਕਰਨਗੇ ਅਤੇ ਲੋਕਾਂ ਨੂੰ ਲੋੜੀਂਦੀ ਸੰਭਾਲ ਲੱਭਣ ਵਿੱਚ ਅਤੇ ਉਸ ਨਾਲ ਜੁੜੇ ਰਹਿਣ ਵਿੱਚ ਮਦਦ ਕਰਨਗੇ। ਇਸ ਵਿੱਚ ਕੈਂਸਰ ਦੀ ਸੰਭਾਲ ਵਿੱਚ ਜ਼ਿਕਰਯੋਗ ਸੁਧਾਰ ਕਰਨ ਲਈ ਫੰਡ ਸਹਾਇਤਾ, ਨਵੀਆਂ ਸਿਖਲਾਈ ਸੀਟਾਂ ਅਤੇ ਹੈਲਥ-ਕੇਅਰ ਵਰਕਰਾਂ ਅਤੇ ਫ਼ੈਮਿਲੀ ਡਾਕਟਰਾਂ ਲਈ ਬੇਹਤਰ ਸਹਾਇਤਾ ਦੇ ਨਾਲ ਬੀ.ਸੀ. ਦੇ ਹੈਲਥ-ਕੇਅਰ ਕਾਰਜ-ਬਲਾਂ ਦਾ ਨਿਰਮਾਣ ਕਰਨਾ ਸ਼ਾਮਲ ਹੈ। ਇਸ ਵਿੱਚ ਮਾਨਸਿਕ ਸਿਹਤ ਅਤੇ ਨਸ਼ੇ ਦੀਆਂ ਲਤਾਂ ਸੰਬੰਧੀ ਸੇਵਾਵਾਂ ਦਾ ਵਿਸਤਾਰ ਕਰਨ ਲਈ $1 ਬਿਲੀਅਨ ਦੀ ਨਵੀਂ ਫੰਡ ਸਹਾਇਤਾ ਵੀ ਸ਼ਾਮਲ ਹੈ।

ਤਿੰਨ ਸਾਲਾਂ ਦੌਰਾਨ ਓਪਰੇਟਿੰਗ ਅਤੇ ਕੈਪੀਟਲ ਫੰਡਿੰਗ (ਸੰਚਾਲਨ ਅਤੇ ਪੂੰਜੀਗਤ ਫੰਡ ਸਹਾਇਤਾ) ਵਿੱਚ $4.2 ਬਿਲੀਅਨ ਹੋਰ ਪ੍ਰਦਾਨ ਕਰਦਿਆਂ, ਇਸ ਸਾਲ ਦਾ ਬੱਜਟ ਉਹਨਾਂ ਲੋਕਾਂ ਨੂੰ ਉਹ ਘਰ ਉਪਲਬਧ ਕਰਵਾਉਣ ਲਈ ਵਧੇਰੇ ਕਾਰਵਾਈ ਕਰਦਾ ਹੈ, ਜਿਨ੍ਹਾਂ ਘਰਾਂ ਨੂੰ ਖਰੀਦਣ ਦੀ ਉਹ ਸਮਰੱਥਾ ਰੱਖਦੇ ਹਨ। ਇਹ ਬੀ.ਸੀ ਦੇ ਇਤਿਹਾਸ ਵਿੱਚ ਹਾਊਸਿੰਗ ਵਿੱਚ ਕੀਤਾ ਗਿਆ ਸਭ ਤੋਂ ਵੱਡਾ ਤਿੰਨ-ਸਾਲਾ ਨਿਵੇਸ਼ ਹੈ। ਇਸ ਵਿੱਚ ਕਿਰਾਏ 'ਤੇ ਰਹਿਣ ਵਾਲੇ ਲੋਕਾਂ, ਇੰਡੀਜਨਸ (ਮੂਲਵਾਸੀ) ਲੋਕਾਂ, ਅਤੇ ਮੱਧ-ਆਮਦਨ ਵਾਲੇ ਪਰਿਵਾਰਾਂ ਲਈ ਵਧੇਰੇ ਘਰ ਅਤੇ ਬੇਘਰੀ ਨਾਲ ਨਜਿੱਠਣ ਲਈ ਨਵੀਆਂ ਕਾਰਵਾਈਆਂ ਸ਼ਾਮਲ ਹਨ।

ਬੀ.ਸੀ. ਵਿੱਤੀ ਯੋਜਨਾ ਦੌਰਾਨ ਫੰਡ ਸਹਾਇਤਾ ਵਿੱਚ $462 ਮਿਲੀਅਨ ਦਾ ਵਾਧਾ ਕਰਕੇ ਸੂਬੇ ਭਰ ਵਿੱਚ ਪੁਲਿਸਿੰਗ, ਲਾਗੂਕਰਨ (ਇੰਫੋਰਸਮੈਂਟ), ਦਖਲਅੰਦਾਜ਼ੀ (ਇੰਟਰਵੈਨਸ਼ਨ) ਸੇਵਾਵਾਂ ਅਤੇ ਨਿਆਂ ਤੱਕ ਪਹੁੰਚ ਰਾਹੀਂ ਭਾਈਚਾਰਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਵਿੱਚ ਵੀ ਮਦਦ ਕਰ ਰਿਹਾ ਹੈ।

ਜਦੋਂ ਕਿ ਵਿਸ਼ਵ ਭਰ ਵਿੱਚ ਮਹਿੰਗਾਈ ਅਤੇ ਉੱਚੀਆਂ ਕੀਮਤਾਂ ਲੋਕਾਂ ਦੇ ਬੱਜਟ ਨੂੰ ਵਧਾ ਰਹੀਆਂ ਹਨ, ਬੱਜਟ 2023 ਲੋਕਾਂ ਦੀਆਂ ਲਾਗਤਾਂ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ ਅਤੇ ਉਨ੍ਹਾਂ ਲੋਕਾਂ ਨੂੰ ਵਾਧੂ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ, ਜਿਨ੍ਹਾਂ ਨੂੰ ਇਸ ਦੀ ਸਭ ਤੋਂ ਵੱਧ ਜ਼ਰੂਰਤ ਹੈ। 2022 ਦੀਆਂ ਗਰਮੀਆਂ ਤੋਂ ਲੈਕੇ ਰਹਿਣ ਸਹਿਣ ਦੇ ਖਰਚਿਆਂ ਲਈ ਸਹਾਇਤਾਵਾਂ ਵਾਸਤੇ ਲਗਭਗ $2.4 ਬਿਲੀਅਨ ਦੇ ਅਸਥਾਈ ਸਹਿਯੋਗ ਤੋਂ ਬਾਅਦ, ਸੂਬਾ ਅਗਲੇ ਤਿੰਨ ਸਾਲਾਂ ਦੌਰਾਨ ਨਵੇਂ ਖਰਚ ਉਪਾਵਾਂ ਅਤੇ ਟੈਕਸ ਕ੍ਰੈਡਿਟਾਂ ਵਿੱਚ $4.5 ਬਿਲੀਅਨ ਦਾ ਹੋਰ ਨਿਵੇਸ਼ ਕਰੇਗਾ ਤਾਂ ਜੋ ਵਧਦੇ ਖਰਚਿਆਂ ਦੇ ਪ੍ਰਭਾਵਾਂ ਲਈ ਲੋਕਾਂ ਦੀ ਮਦਦ ਕੀਤੀ ਜਾ ਸਕੇ ਅਤੇ ਸਥਿਰ, ਟਿਕਾਊ ਸਹਾਇਤਾ ਸਥਾਪਤ ਕੀਤੀ ਜਾ ਸਕੇ।

ਤਿੰਨ ਸਾਲਾਂ ਦੌਰਾਨ ਲੱਗਭਗ $1.3 ਬਿਲੀਅਨ ਦਾ ਨਿਵੇਸ਼ ਲੋਕਾਂ ਲਈ ਘੱਟ ਲਾਗਤਾਂ ਵਿੱਚ ਸਹਿਯੋਗ ਦੇਣ ਵਿੱਚ ਮਦਦ ਕਰੇਗਾ। ਇਸ ਵਿੱਚ ਬੀ.ਸੀ. ਦੇ ਵਸਨੀਕਾਂ ਲਈ ਗਰਭ-ਨਿਰੋਧਨ ਦਾ ਮੁਫ਼ਤ ਪ੍ਰਿਸਕ੍ਰਿਪਸ਼ਨ, ਮੌਜੂਦਾ K-12 ਸਕੂਲ ਭੋਜਨ ਪ੍ਰੋਗਰਾਮਾਂ ਦਾ ਵਿਸਤਾਰ ਕਰਨਾ, ਅਤੇ ਪੋਸਟ-ਸੈਕੰਡਰੀ ਦੇ ਵਿਦਿਆਰਥੀਆਂ, ਇੰਕਮ ਅਤੇ ਡਿਸੇਬਿਲਿਟੀ ਅਸਿਸਟੈਂਸ (ਆਮਦਨੀ ਅਤੇ ਅਪੰਗਤਾ ਵਿੱਚ ਸਹਾਇਤਾ) ਲੈ ਰਹੇ ਲੋਕਾਂ ਅਤੇ ਫੌਸਟਰ ਪਰਿਵਾਰਾਂ ਅਤੇ ਹੋਰ ਸੰਭਾਲ-ਕਰਤਾਵਾਂ ਲਈ ਵਧੇਰੇ ਵਿੱਤੀ ਸਹਾਇਤਾਵਾਂ ਪ੍ਰਦਾਨ ਕਰਨਾ ਸ਼ਾਮਲ ਹੈ।

2024 ਤੋਂ ਸ਼ੁਰੂਆਤ ਕਰਕੇ, ਬੀ.ਸੀ. ਵਿੱਚ ਔਸਤ ਅਤੇ ਘੱਟ-ਆਮਦਨ ਵਾਲੇ ਕਿਰਾਏਦਾਰ, ਕਿਰਾਏਦਾਰਾਂ ਲਈ ਇੱਕ ਨਵੇਂ 'ਇੰਕਮ-ਟੈਸਟਿਡ' ਕ੍ਰੈਡਿਟ ਰਾਹੀਂ ਪ੍ਰਤੀ ਸਾਲ $400 ਤੱਕ ਲਈ ਯੋਗ ਹੋਣਗੇ। ਇਹ ਕ੍ਰੈਡਿਟ 80% ਤੋਂ ਵੱਧ ਕਿਰਾਏ 'ਤੇ ਰਹਿ ਰਹੇ ਪਰਿਵਾਰਾਂ ਦੀ ਮਦਦ ਕਰੇਗਾ।

ਲਗਭਗ 75% ਬੱਚਿਆਂ ਵਾਲੇ ਪਰਿਵਾਰ ਮੌਜੂਦਾ ਸਮੇਂ ਵਿੱਚ ਬੀ ਸੀ ਫੈਮਿਲੀ ਬੈਨੀਫਿਟ ਲਈ ਯੋਗ ਹਨ। ਜੁਲਾਈ 2023 ਤੋਂ ਸ਼ੁਰੂ ਕਰਕੇ, ਇਹਨਾਂ ਪਰਿਵਾਰਾਂ ਨੂੰ ਆਪਣੇ ਮਾਸਿਕ ਭੁਗਤਾਨਾਂ ਵਿੱਚ 10% ਦਾ ਵਾਧਾ ਦੇਖਣ ਨੂੰ ਮਿਲੇਗਾ। ਸਿੰਗਲ ਮਾਪਿਆਂ ਨੂੰ ਪ੍ਰਤੀ ਸਾਲ $500 ਦਾ ਹੋਰ ਲਾਭ ਮਿਲੇਗਾ, ਜੋ 10% ਦੇ ਵਾਧੇ ਤੋਂ ਇਲਾਵਾ, ਜੁਲਾਈ ਵਿੱਚ ਦਿੱਤਾ ਜਾਵੇਗਾ।

ਘੱਟ ਅਤੇ ਔਸਤ ਆਮਦਨੀ ਵਾਲੇ ਲੋਕਾਂ ਨੂੰ ਕਾਰਬਨ ਟੈਕਸ ਦੀ ਭਰਪਾਈ ਕਰਨ ਵਿੱਚ ਮਦਦ ਕਰਨ ਲਈ 'ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ' ਦਾ ਵਿਸਤਾਰ ਕੀਤਾ ਜਾਵੇਗਾ, ਜੋ ਕਿ ਬੀ.ਸੀ. ਦੇ ਘੱਟ-ਕਾਰਬਨ ਵਾਲੇ ਭਵਿੱਖ ਵੱਲ ਤਬਦੀਲੀ ਦੇ ਭਾਗ ਵਜੋਂ ਫੈਡਰਲ ਲੋੜਾਂ ਦੀ ਪੂਰਤੀ ਕਰਨ ਲਈ ਅਪਰੈਲ ਵਿੱਚ ਵੱਧ ਰਿਹਾ ਹੈ। ਜ਼ਿਆਦਾਤਰ ਲੋਕਾਂ ਨੂੰ 2030 ਤੱਕ ਕਾਰਬਨ ਟੈਕਸ ਦੀਆਂ ਵਧੀਆਂ ਹੋਈਆਂ ਲਾਗਤਾਂ ਵਿੱਚ ਭੁਗਤਾਨ ਕਰਨ ਨਾਲੋਂ, ਕ੍ਰੈਡਿਟ ਵਿੱਚ ਵਾਧੇ ਰਾਹੀਂ ਵਧੇਰੀ ਰਾਸ਼ੀ ਮਿਲਣ ਦਾ ਅਨੁਮਾਨ ਹੈ। ਘੱਟ ਆਮਦਨੀ ਵਾਲੇ ਲੋਕਾਂ ਲਈ ਭੁਗਤਾਨ ਵਧੇਰੇ ਹੁੰਦੇ ਹਨ। ਇਸ ਵਾਧੇ ਤੋਂ ਪਹਿਲਾਂ, ਇੱਕ ਚਾਰ-ਵਿਅਕਤੀਆਂ ਵਾਲੇ ਪਰਿਵਾਰ ਨੂੰ ਪ੍ਰਤੀ ਸਾਲ ਵੱਧ ਤੋਂ ਵੱਧ $500 ਮਿਲ ਸਕਦੇ ਸਨ। ਜੁਲਾਈ 2023 ਤੋਂ ਸ਼ੁਰੂ ਕਰਕੇ, ਇੱਕੋ ਪਰਿਵਾਰ ਨੂੰ ਵੱਧ ਤੋਂ ਵੱਧ $900 ਮਿਲਣਗੇ।

ਬੱਜਟ 2023 ਸੂਬੇ ਦੇ ਕੁਦਰਤੀ ਸਰੋਤਾਂ ਦਾ ਪ੍ਰਬੰਧਨ ਕਰਨ ਅਤੇ ਇਹਨਾਂ ਦੀ ਦੇਖਭਾਲ ਕਰਨ ਦੇ ਤਰੀਕਿਆਂ 'ਤੇ ਧਿਆਨ ਕੇਂਦਰਿਤ ਕਰਦਾ ਹੈ, ਜਿਸ ਵਿੱਚ ਪੁਰਾਣੇ ਦਰੱਖਤਾਂ ਵਾਲੇ ਜੰਗਲ ਵੀ ਸ਼ਾਮਲ ਹਨ, ਤਾਂ ਜੋ ਆਰਥਿਕ ਖੁਸ਼ਹਾਲੀ ਵਿੱਚ ਅਜਿਹੇ ਤਰੀਕੇ ਨਾਲ ਮਦਦ ਕੀਤੀ ਜਾ ਸਕੇ ਜੋ ਵਾਤਾਵਰਣਕ, ਸਮਾਜਕ ਅਤੇ ਸੱਭਿਆਚਾਰਕ ਟੀਚਿਆਂ ਨਾਲ ਮੇਲ ਖਾਂਦੀ ਹੋਵੇ। ਨਵੀਂ ਫੰਡ ਸਹਾਇਤਾ ਭਾਈਚਾਰਿਆਂ ਨੂੰ ਐਕਟਿਵ ਟ੍ਰਾਂਸਪੋਰਟੇਸ਼ਨ (ਅਜਿਹੀ ਆਵਾਜਾਈ ਜਿਸ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਆਪਣੀ ਸ਼ਕਤੀ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ ਪੈਦਲ ਤੁਰਨਾ, ਸਾਈਕਲ ਚਲਾਉਣਾ ਆਦਿ) ਦੇ ਸੁਰੱਖਿਅਤ, ਪਹੁੰਚਯੋਗ ਅਤੇ ਸੁਵਿਧਾਜਨਕ ਤਰੀਕੇ ਵਿਕਸਤ ਕਰਨ ਵਿੱਚ ਵੀ ਮਦਦ ਕਰੇਗੀ, ਅਤੇ ਸੰਭਾਵੀ ਜਲਵਾਯੂ-ਸੰਬੰਧਿਤ ਐਮਰਜੈਂਸੀਆਂ ਦੇ ਅਨੁਕੂਲ ਹੋਣ ਅਤੇ ਇਹਨਾਂ ਵਾਸਤੇ ਤਿਆਰੀ ਕਰਨ ਵਿੱਚ ਉਹਨਾਂ ਦੀ ਸਹਾਇਤਾ ਕਰੇਗੀ।

ਇਸ ਸਾਲ ਦਾ ਬੱਜਟ ਪੋਸਟ-ਸੈਕੰਡਰੀ ਸਿੱਖਿਆ ਅਤੇ ਹੁਨਰਾਂ ਦੀ ਸਿਖਲਾਈ ਨੂੰ ਵਧੇਰੇ ਕਿਫ਼ਾਇਤੀ ਅਤੇ ਪਹੁੰਚਯੋਗ ਬਣਾਉਣ ਲਈ ਫਿਊਚਰ ਰੈਡੀ ਪਲੈਨ (Future Ready Plan) ਵਿੱਚ ਸਹਿਯੋਗ ਦਿੰਦਾ ਹੈ, ਅਤੇ ਕਾਮਿਆਂ ਦੀ ਲੋੜ ਦੀ ਉਸ ਸਭ ਤੋਂ ਵੱਡੀ ਚੁਣੌਤੀ ਦਾ ਜਵਾਬ ਦਿੰਦਾ ਹੈ, ਜਿਸ ਬਾਰੇ ਕਾਰੋਬਾਰਾਂ ਨੇ ਦੱਸਿਆ ਹੈ। 'ਫਿਊਚਰ ਰੈਡੀ' ਨਿਵੇਸ਼ ਹਜ਼ਾਰਾਂ ਸਿਖਲਾਈ ਸੀਟਾਂ ਸ਼ਾਮਲ ਕਰ ਦੇਣਗੇ ਅਤੇ ਸ਼ੌਰਟ-ਟਰਮ (ਥੋੜ੍ਹੀ-ਮਿਆਦ) ਦੇ ਸਿਖਲਾਈ ਪ੍ਰੋਗਰਾਮਾਂ ਵਾਸਤੇ ਇੱਕ ਨਵੀਂ ਗ੍ਰਾਂਟ ਦੀ ਪੇਸ਼ਕਸ਼ ਕਰਨਗੇ ਤਾਂ ਜੋ ਲੋਕਾਂ ਨੂੰ ਸਿਖਲਾਈ ਲੈਣ ਅਤੇ ਉੱਚ-ਮੰਗ ਵਾਲੇ ਖੇਤਰਾਂ ਵਿੱਚ ਕੰਮ ਕਰਨ ਵਿੱਚ ਮਦਦ ਕੀਤੀ ਜਾ ਸਕੇ। ਇਸ ਯੋਜਨਾ ਵਿੱਚ ਛੋਟੇ ਅਤੇ ਔਸਤ-ਆਕਾਰ ਦੇ ਕਾਰੋਬਾਰਾਂ ਨੂੰ ਮੌਜੂਦਾ ਲੇਬਰ ਮਾਰਕਿਟ ਦੀਆਂ ਚੁਣੌਤੀਆਂ ਵਾਸਤੇ ਤਕਨਾਲੋਜੀ ਅਤੇ ਵਿਹਾਰਕ ਹੱਲ ਲੱਭਣ ਅਤੇ ਲਾਗੂ ਕਰਨ ਵਿੱਚ ਸਹਾਇਤਾ ਕਰਨ ਲਈ ਅਤੇ ਵਿਸ਼ਵ ਭਰ ਦੀ ਬਦਲਦੀ ਆਰਥਿਕਤਾ ਵਾਸਤੇ ਤਿਆਰੀ ਕਰਨ ਲਈ ਨਵੀਂ ਫੰਡ ਸਹਾਇਤਾ ਵੀ ਸ਼ਾਮਲ ਹੈ।

"ਅਸੀਂ ਜਾਣਦੇ ਹਾਂ ਕਿ ਸਾਡੇ ਸਾਹਮਣੇ ਕੁਝ ਆਰਥਿਕ ਰੁਕਾਵਟਾਂ ਹਨ ਕਿਉਂਕਿ ਮਹਾਂਮਾਰੀ, ਯੂਕਰੇਨ ਵਿੱਚ ਜੰਗ ਅਤੇ ਵਧਦੀਆਂ ਲਾਗਤਾਂ ਦੇ ਮੱਦੇਨਜ਼ਰ ਵਿਸ਼ਵ ਭਰ ਵਿੱਚ ਆਰਥਿਕਤਾ ਬਦਲ ਰਹੀ ਹੈ," ਕੌਨਰੌਏ ਨੇ ਕਿਹਾ। "ਇਹ ਸਾਡੀ ਸਰਕਾਰ ਲਈ ਪਿੱਛੇ

ਹਟਣ ਅਤੇ ਸੇਵਾਵਾਂ ਵਿੱਚ ਕਟੌਤੀ ਕਰਨ ਦਾ ਸੰਕੇਤ ਨਹੀਂ ਹੈ – ਇਹ ਇਸ ਗੱਲ ਦਾ ਸੰਕੇਤ ਹੈ ਕਿ ਸਾਨੂੰ ਸਮਝਦਾਰੀ ਨਾਲ ਨਿਵੇਸ਼ ਕਰਦੇ ਰਹਿਣ ਦੀ ਲੋੜ ਹੈ, ਤਾਂ ਜੋ ਅਸੀਂ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਮੌਜੂਦ ਰਹਿ ਸਕੀਏ ਅਤੇ ਇੱਕ ਅਜੇਹੇ ਮਜ਼ਬੂਤ, ਵਧੇਰੇ ਸੁਰੱਖਿਅਤ ਭਵਿੱਖ ਦਾ ਨਿਰਮਾਣ ਕਰ ਸਕੀਏ, ਜੋ ਅਸੀਂ ਸਾਰੇ ਚਾਹੁੰਦੇ ਹਾਂ।"

ਬੱਜਟ 2023 ਦੀ ਤਿੰਨ-ਸਾਲਾ ਵਿੱਤੀ ਯੋਜਨਾ ਵਿੱਚ ਘਾਟੇ ਵਿੱਚ ਗਿਰਾਵਟ ਪੇਸ਼ ਕੀਤੀ ਗਈ ਹੈ, ਜਿਸ ਵਿੱਚ 2023-24 ਵਿੱਚ $4.2 ਬਿਲੀਅਨ ਦਾ ਘਾਟਾ, 2025-26 ਵਿੱਚ ਘਟਕੇ $3 ਬਿਲੀਅਨ ਹੋ ਜਾਣ ਦੀ ਉਮੀਦ ਹੈ।

ਬੱਜਟ 2023 ਤੋਂ ਇਲਾਵਾ, ਸੂਬਾ ਇਸ ਸਾਲ ਦੀ ਬੱਚਤ ਦੀ ਵਰਤੋਂ ਲੋਕਾਂ ਵਾਸਤੇ ਇਸ ਸਮੇਂ ਅਤੇ ਲੰਬੇ ਸਮੇਂ ਲਈ ਕੰਮ ਕਰਨ ਲਈ ਕਰ ਰਿਹਾ ਹੈ ਅਤੇ 2022/23 ਵਿੱਚ, ਪੂਰਕ ਅਨੁਮਾਨਾਂ ਵਿੱਚ $2.7 ਬਿਲੀਅਨ ਤੱਕ ਲਗਾ ਰਿਹਾ ਹੈ, ਤਾਂਕਿ ਬੀ.ਸੀ. ਭਰ ਵਿੱਚ ਲੋਕਾਂ, ਭਾਈਚਾਰਿਆਂ ਅਤੇ ਸੰਸਥਾਵਾਂ ਵਿੱਚ ਵਧੇਰੇ ਨਿਵੇਸ਼ ਕੀਤਾ ਜਾ ਸਕੇ। ਨਿਵੇਸ਼ਾਂ ਵਿੱਚ ਗ੍ਰੋਇੰਗ ਕਮਿਊਨਿਟੀਜ਼ ਫੰਡ (Growing Communities Fund) ਰਾਹੀਂ $1 ਬਿਲੀਅਨ ਸ਼ਾਮਲ ਹੈ, ਜੋ ਸਥਾਨਕ ਸਰਕਾਰਾਂ ਨੂੰ ਭਾਈਚਾਰਕ ਬੁਨਿਆਦੀ ਢਾਂਚੇ ਅਤੇ ਸੁਵਿਧਾਵਾਂ ਵਿੱਚ ਵਾਧਾ ਕਰਨ ਵਿੱਚ ਮਦਦ ਕਰੇਗਾ ਅਤੇ ਬ੍ਰਿਟਿਸ਼ ਕੋਲੰਬੀਆ ਦੀ ਨਵੀਂ ਜਾਰੀ ਕੀਤੀ ਗਈ ਕੈਂਸਰ ਸੰਭਾਲ ਕਾਰਜਨੀਤੀ ਦਾ ਸਮਰਥਨ ਕਰਨ ਲਈ 'ਬੀ ਸੀ ਕੈਂਸਰ ਫਾਊਂਡੇਸ਼ਨ' ਵਾਸਤੇ $150 ਮਿਲੀਅਨ ਦੀ ਮਦਦ ਕਰੇਗਾ।

ਪੰਜ ਪਿੱਠ ਭੂਮੀਆਂ ਉਪਲਬਧ ਹਨ।

**ਸੰਪਰਕ :**
ਵਿੱਤ ਮੰਤਰਾਲਾ
ਮੀਡੀਆ ਰਿਲੇਸ਼ਨਜ਼
250 208-7705